## ਪਾਠ-1
## ਟਾਈਪਿੰਗ ਟਿਊਟਰ (ਪੰਜਾਬੀ)

**ਪ੍ਰਸ਼ਨ:1 ਖਾਲੀ ਥਾਵਾਂ ਭਰੋ:**

**1. _______ ਫੌਂਟ ਦੀ ਵਰਤੋਂ ਪੰਜਾਬੀ ਵਿੱਚ ਟਾਈਪ ਕਰਨ ਲਈ ਕੀਤੀ ਜਾਂਦੀ ਹੈ।**

ੳ) AnmolLipi (ਅਨਮੋਲ ਲਿੱਪੀ) b) Raavi (ਰਾਵੀ) ੲ) Joy (ਜੁਆਏ) ਸ) ਉਪਰੋਕਤ ਸਾਰੇ

**2. UNICODE ਦਾ ਪੂਰਾ ਨਾਂ ਕੀ ਹੈ?**

ੳ) ਯੂਨੀਅਨ ਕੋਡ ਅ) ਯੂਨੀਫਾਈਡ ਕੋਡ ੲ) ਯੂਨੀਵਰਸਲ ਕੋਡ ਸ) ਇਹਨਾਂ ਵਿਚੋਂ ਕੋਈ ਨਹੀਂ

**3. ਹੇਠ ਲਿਖਿਆਂ ਵਿਚੋਂ ਕਿਹੜਾ UNICODE ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ?**

ੳ) ਅਨਮੋਲ ਲਿੱਪੀ ਅ) ਰਾਵੀ ੲ) ਅਸੀਸ ਸ) ਉਪਰੋਕਤ ਸਾਰੇ

**4. ਹੇਠ ਲਿਖਿਆਂ ਵਿਚੋਂ ਕਿਹੜਾ ਫੋਨੇਟਿੱਕ ਫੌਂਟ ਪੰਜਾਬੀ ਵਿਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ।**

ੳ) ਅਨਮੋਲ ਲਿੱਪੀ ਅ) ਰਾਵੀ ੲ) ਅਸੀਸ ਸ) ਉਪਰੋਕਤ ਸਾਰੇ

**5. ਨੰਬਰਪੈਡ ਦੀ ਵਰਤੋਂ ਲਈ ________ ਕੀਅ ON ਰੱਖਣੀ ਚਾਹੀਦੀ ਹੈ।**

ੳ) Num lock (ਨਮ ਲਾਕ) ਅ) Caps Lock (ਕੈਪਸ ਲਾਕ)
ੲ) Scroll lock (ਸਕਰੋਲ ਲਾਕ) ਸ) ਇਹਨਾਂ ਵਿਚੋਂ ਕੋਈ ਨਹੀਂ

**ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ।**

1. ਟਾਈਪਿੰਗ ਕਰਨ ਲਈ ਕੀਅਬੋਰਡ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ - ਇੱਕ ਖੱਬੇ ਹੱਥ ਲਈ ਅਤੇ ਇੱਕ ਸੱਜੇ ਹੱਥ ਲਈ। (ਸਹੀ)
2. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਦੇਖਦੇ ਹੋਏ ਤੇਜ਼ ਰਫਤਾਰ ਟਾਈਪਿੰਗ ਕਰਨੀ ਸਿਖਦੇ ਹਾਂ। (ਗਲਤ)
3. ਅਨਮੋਲ ਲਿੱਪੀ ਫੌਂਟ ਸਾਨੂੰ ਪੰਜਾਬੀ ਵਿੱਚ ਟਾਈਪ ਕਰਨ ਵਿੱਚ ਮਦਦ ਕਰਦਾ ਹੈ। (ਸਹੀ)
4. ਸਪੇਸਬਾਰ ਕੀਅ ਦਬਾਉਣ ਲਈ ਅਸੀਂ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ। (ਗਲਤ)
5. Shift ਕੀਅ ਦੀ ਵਰਤੋਂ ਅਗਲੀ ਲਾਈਨ ਤੇ ਜਾਣ ਲਈ ਕੀਤੀ ਜਾਂਦੀ ਹੈ। (ਗਲਤ)

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਟੱਚ ਟਾਈਪਿੰਗ ਕੀ ਹੈ?**

ਉ: ਟੱਚ ਟਾਈਪਿੰਗ ਇੱਕ ਤਕਨੀਕ ਹੈ ਜਿਸ ਦੁਆਰਾ ਅਸੀਂ ਕੀਅਬੋਰਡ ਨੂੰ ਵੇਖੇ ਬਿਨਾਂ, ਸਾਰੀਆਂ ਉਂਗਲਾਂ ਨਾਲ ਕਦਮ-ਦਰ-ਕਦਮ ਟਾਈਪਿੰਗ ਕਰਨਾ ਸਿਖ ਸਕਦੇ ਹਾਂ। ਜੇਕਰ ਅਸੀਂ ਟਾਈਪ ਕਰਨ ਸਮੇਂ ਕੀਅਬੋਰਡ ਉੱਪਰ ਕੀਅਜ਼ ਲੱਭਦੇ ਰਹਾਂਗੇ ਤਾਂ ਨਤੀਜੇ ਵੱਜੋਂ ਸਾਡੀ ਟਾਈਪਿੰਗ ਸਪੀਡ ਬਹੁਤ ਹੌਲੀ ਹੋ ਜਾਵੇਗੀ।

**ਪ੍ਰ:2 ਪੰਜਾਬੀ ਵਿਚ ਟਾਈਪਿੰਗ ਲਈ ਕਿਹੜੇ ਵੱਖ-ਵੱਖ ਕਿਸਮਾਂ ਦੇ ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ?**

ਉ: ਪੰਜਾਬੀ ਵਿਚ ਟਾਈਪਿੰਗ ਕਰਨ ਲਈ ਕਈ ਵੱਖ-ਵੱਖ ਕਿਸਮਾਂ ਦੇ ਫੌਂਟਸ ਉਪਲਬਧ ਹਨ। ਪੰਜਾਬੀ ਟਾਈਪਿੰਗ ਲਈ ਆਮ ਵਰਤੇ ਜਾਂਦੇ ਫੌਂਟਸ ਨੂੰ ਦੋ ਮੁੱਖ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ:

- ਫੌਨੇਟਿਕ ਫੌਂਟਸ – ਉਦਾਹਰਣ: ਅਨਮੋਲ ਲਿੱਪੀ ਫੌਂਟ
- ਯੂਨੀਕੋਡ ਫੌਂਟਸ – ਉਦਾਹਰਣ: ਰਾਵੀ ਫੌਂਟ

**ਪ੍ਰ:3 ਪੰਜਾਬੀ ਭਾਸ਼ਾ ਵਿੱਚ ਟਾਈਪਿੰਗ ਕਿਵੇਂ ਕੀਤੀ ਜਾਂਦੀ ਹੈ?**

ਉ: ਪੰਜਾਬੀ ਭਾਸ਼ਾ ਵਿਚ ਟਾਈਪਿੰਗ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਢੁਕਵੇਂ ਪੰਜਾਬੀ ਫੌਂਟ ਦੀ ਚੋਣ ਕਰਨੀ ਪੈਂਦੀ ਹੈ। ਬਹੁਤ ਸਾਰੇ ਅਜਿਹੇ ਫੌਂਟ ਮੌਜੂਦ ਹਨ ਜੋ ਪੰਜਾਬੀ ਵਿੱਚ ਟਾਈਪਿੰਗ ਕਰਨ ਲਈ ਵਰਤੇ ਜਾਂਦੇ ਹਨ। ਪੰਜਾਬੀ ਵਿੱਚ ਟਾਈਪਿੰਗ ਕਰਨ ਲਈ AnmolLipi ਫੌਂਟ ਸਭ ਤੋਂ ਆਸਾਨ ਫੌਂਟ ਹੈ ਜੋ ਕਿ ਇਕ ਫੋਨੇਟਿਕ ਫੌਂਟ ਹੈ। ਯੂਨੀਕੋਡ ਫੌਂਟ ਦੀ ਵਰਤੋਂ ਨਾਲ ਪੰਜਾਬੀ ਵਿਚ ਟਾਈਪਿੰਗ ਕਰਨ ਲਈ ਆਮ ਤੋਰ ਤੇ Raavi ਫੌਂਟ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:4 ਪੰਜਾਬੀ ਭਾਸ਼ਾ ਵਿੱਚ ਟਾਈਪ ਕਰਨ ਲਈ ਕੋਈ ਤਿੰਨ ਫੋਟਜ਼ ਦੇ ਨਾਮ ਲਿਖੋ।**

ਉ: ਪੰਜਾਬੀ ਭਾਸ਼ਾ ਵਿਚ ਟਾਈਪ ਕਰਨ ਲਈ ਕੁੱਝ ਮੁੱਖ ਫੌਂਟਸ ਦੇ ਨਾਂ ਹੇਠਾਂ ਦਿਤੇ ਗਏ ਹਨ:

- AnmolLipi (ਅਨਮੋਲਲਿੱਪੀ)
- Raavi (ਰਾਵੀ)
- Asees (ਅਸੀਸ)
- Joy (ਜੁਆਇ)

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਅਸੀਂ ਟਾਈਪਿੰਗ ਸਪੀਡ ਨੂੰ ਕਿਵੇਂ ਵਧਾਅ ਸਕਦੇ ਹਾਂ?**

ਉ: ਟਾਈਪਿੰਗ ਸਪੀਡ ਨੂੰ ਵਧਾਉਣ ਲਈ ਕੁੱਝ ਸੁਝਾਅ ਹੇਠਾਂ ਦਿਤੇ ਗਏ ਹਨ:

1. ਸਾਡੇ ਹੱਥ/ਉਂਗਲਾਂ ਦੀ ਸਥਿਤੀ ਹਮੇਸ਼ਾ ਹੋਮ ਰੋਅ ਉੱਤੇ ਹੋਣੀ ਚਾਹਿਦੀ ਹੈ। ਸਾਨੂੰ ਹੋਮ ਰੋਅ ਪੁਜੀਸ਼ਨ ਤੋਂ ਹੋਰਨਾਂ ਰੋਅਜ਼ ਦੀਆਂ ਕੀਜ਼ ਤੱਕ ਪਹੁੰਚ ਕਰਨੀ ਚਾਹੀਦੀ ਹੈ।
2. ਸਾਨੂੰ ਆਪਣਾ ਜਿਆਦਾ ਧਿਆਨ ਰਫਤਾਰ ਨਾਲੋਂ ਸਹੀ ਕੀਅ ਦਬਾਉਣ ਉੱਤੇ ਰਖੱਣਾ ਚਾਹੀਦਾ ਹੈ।
3. ਟਾਈਪਿੰਗ ਕਰਦੇ ਸਮੇਂ ਕੀਅਬੋਰਡ ਉੱਪਰ ਨਾਂ ਦੇਖੋ।



(Please Visit http://cspunjab.nirmancampus.co.in for more computer science contents)

4. ਲਗਾਤਾਰ, ਆਰਾਮ ਨਾਲ ਅਤੇ ਸਹੀ ਟਾਈਪ ਕਰਨ ਵੱਲ ਧਿਆਨ ਰਖੋ।
5. ਹਰ-ਇੱਕ ਕੀਅ ਨੂੰ ਦਬਾਉਂਦੇ ਹੋਏ ਸਾਨੂੰ ਉਹ ਅਖੱਰ ਅਪਣੇ ਮਨ ਵਿੱਚ ਦੁਹਰਾਉਣਾ ਚਾਹੀਦਾ ਹੈ।

**ਪ੍ਰ:2 ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਸੰਬੰਧੀ ਕਿਹੜੀਆਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।**

ਉ: ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਸੰਬੰਧੀ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

1. ਟਾਈਪਿੰਗ ਕਰਦੇ ਸਮੇਂ ਸਾਨੂੰ ਬਿਲਕੁੱਲ ਸਿੱਧਾ ਬੈਠਣਾ ਚਾਹੀਦਾ ਹੈ।
2. ਸਾਡੀ ਨਜ਼ਰ ਮੋਨੀਟਰ ਜਾਂ ਕਾਪੀ ਤੇ ਹੋਣੀ ਚਾਹੀਦੀ ਹੈ।
3. ਮੋਨੀਟਰ ਸਾਡੀਆਂ ਅੱਖਾਂ ਦੇ ਬਰਾਬਰ ਅਤੇ ਸਾਹਮਣੇ ਹੋਣਾ ਚਾਹੀਦਾ ਹੈ।
4. ਸਾਨੂੰ ਕੀ-ਬੋਰਡ ਅਤੇ ਮੋਨੀਟਰ ਦੇ ਬਿਲਕੁਲ ਸਾਹਮਣੇ ਬੈਠਣਾ ਚਾਹੀਦਾ ਹੈ।
5. ਕੀਅਜ਼ ਨੂੰ ਦਬਾਉਣ ਤੋਂ ਬਾਅਦ ਸਾਡੀਆਂ ਉਂਗਲਾਂ ਵਾਪਿਸ ਹੋਮ ਰੋਅ ਉਪਰ ਆਉਣੀਆ ਚਾਹੀਦੀਆਂ ਹਨ।
6. ਸਾਡੇ ਪੈਰ ਜਮੀਨ ਉਪਰ ਸਿੱਧੇ ਹੋਣੇ ਚਾਹੀਦੇ ਹਨ।

---

ਕੀਅਮੈਪ - ਯੂਨੀਕੋਡ ਫੌਂਟ "ਰਾਵੀ"




ਕੀਅਮੈਪ - ਫੌਨੇਟਿੱਕ ਫੌਂਟ "ਅਨਮੋਲ ਲਿੱਪੀ"

